News release

# Alberta ਪ੍ਰੈਸ ਰਿਲੀਜ਼

ਅਲਬਰਟਾ ਵਾਸੀਆਂ ਨੂੰ ਸਾਈਬਰ ਅਪਰਾਧੀਆਂ ਤੋਂ ਸੁਰੱਖਿਅਤ ਕਰਨਾ
14 ਅਪ੍ਰੈਲ, 2026

ਨਵੀਂ ਸਾਈਬਰ ਅਪਰਾਧ ਟਾਸਕ ਫੋਰਸ ਅਲਬਰਟਾ ਦੇ ਵਾਸੀਆਂ ਉੱਤੇ ਵੱਧ ਰਹੀ ਜ਼ਬਰਦਸਤੀ ਵਸੂਲੀ/ਫਿਰੌਤੀ ਅਤੇ ਡਿਜ਼ਿਟਲ ਧੋਖਾਧੜੀ ਦੀ ਸਮੱਸਿਆ ਦਾ ਹੱਲ ਕਰੇਗੀ

ਈਬਰ ਅਪਰਾਧੀ ਅਲਬਰਟਾ ਭਰ ਲਈ ਇੱਕ ਗੰਭੀਰ ਅਤੇ ਲਗਾਤਾਰ ਜਨਤਕ ਖਤਰਾ ਹਨ ਕਿਉਂਕਿ ਉਹ ਪਰਿਵਾਰਾਂ, ਬਜ਼ੁਰਗਾਂ ਅਤੇ ਕਾਰੋਬਾਰਾਂ ਦਾ ਵਿੱਤੀ ਸ਼ੋਸ਼ਣ ਕਰਦੇ ਹਨ। ਸਾਈਬਰ ਅਪਰਾਧ ਦੇ ਵੱਧ ਰਹੇ ਖਤਰਿਆਂ ਨਾਲ ਸਿੱਧਾ ਮੁਕਾਬਲਾ ਕਰਨ ਲਈ ਟਾਸਕ ਫੋਰਸ ਸਿਫਾਰਸ਼ਾਂ ਪੇਸ਼ ਕਰੇਗੀ, ਜਿਸ ਵਿੱਚ ਧੋਖਾਧੜੀ, ਪਛਾਣ ਚੋਰੀ ਅਤੇ ਤਕਨਾਲੋਜੀ ਰਾਹੀਂ ਹੋਣ ਵਾਲੀ ਫਿਰੌਤੀਆਂ ਭੀ ਸ਼ਾਮਲ ਹੈ। ਧੋਖਾਧੜੀ ਵਾਲੀਆਂ ਯੋਜਨਾਵਾਂ ਅਕਸਰ ਅੰਤਰਰਾਸ਼ਟਰੀ ਸਰਹੱਦਾਂ ਤੋਂ ਪਾਰ ਚਲਾਈਆਂ ਜਾਂਦੀਆਂ ਹਨ, ਜਿਸ ਨਾਲ ਪੁਲਿਸ ਲਈ ਇਨ੍ਹਾਂ ਦੇ ਸਰੋਤ ਨੂੰ ਪਛਾਣਨਾ ਅਤੇ ਲੱਭਣਾ ਹੋਰ ਵੀ ਮੁਸ਼ਕਲ ਹੋ ਜਾਂਦਾ ਹੈ।

“ਸਾਡੇ ਸੂਬੇ ਵਿੱਚ ਫਿਰੌਤੀਆਂ ਦੇ ਬਹੁਤ ਸਾਰੇ ਮਾਮਲੇ ਸਾਹਮਣੇ ਆਏ ਹਨ। ਇਹ ਕਤਈ ਕਬੂਲਯੋਗ ਨਹੀਂ ਹੈ ਅਤੇ ਇਸ ਲਈ ਅਲਬਰਟਾ ਇੱਕ ਸਹਿਯੋਜਿਤ ਸੂਬਾਈ ਰਣਨੀਤੀ ਤਿਆਰ ਕਰ ਰਿਹਾ ਹੈ ਤਾਂ ਜੋ ਇਹ ਠੱਗ ਵਾਸੀਆਂ ਨੂੰ ਸਾਡੇ ਸਮਾਜ ਵਿੱਚ ਪਰਿਵਾਰਾਂ ਤੋਂ ਪੈਸੇ ਵਸੂਲਣ ਤੋਂ ਰੋਕਿਆ ਜਾ ਸਕੇ।”

ਮਿਕੀ ਐਮਰੀ, ਨਿਆਂ ਮੰਤਰੀ

“ Artificial Intelligence (ਕ੍ਰਿਤ੍ਰਿਮ ਬੁੱਧੀ) ਦੇ ਵਧਦੇ ਉਪਯੋਗ ਨਾਲ, ਮੈਂ ਇਸ ਟਾਸਕ ਫੋਰਸ ਦਾ ਹਿੱਸਾ ਬਣ ਕੇ ਖੁਸ਼ ਹਾਂ, ਜਿੱਥੇ ਅਸੀਂ ਮਿਲ ਕੇ ਸਾਈਬਰ ਧੋਖਾਧੜੀ, ਪਛਾਣ ਚੋਰੀ ਅਤੇ ਵਸੂਲੀ ਦੇ ਖਤਰਿਆਂ ਨੂੰ ਘਟਾਉਣ ਲਈ ਕੰਮ ਕਰਾਂਗੇ, ਤਾਂ ਜੋ ਅਲਬਰਟਾ ਦੇ ਵਾਸੀਆਂ ਦਾ ਭਲਾ ਹੋਵੇ।”
ਜੇਸਨ ਸਟੀਫਨ, MLA ਰੈੱਡ ਡੀਅਰ-ਸਾਊਥ ਅਤੇ ਸਾਈਬਰ ਅਪਰਾਧ ਟਾਸਕ ਫੋਰਸ ਦੇ ਚੇਅਰ

ਇਸ ਅੰਤਰ-ਮੰਤਰਾਲੇ ਟਾਸਕ ਫੋਰਸ ਵਿੱਚ ਕਾਨੂੰਨ, ਤਕਨਾਲੋਜੀ, ਉਪਭੋਗਤਾ ਸੁਰੱਖਿਆ ਅਤੇ ਕਾਨੂੰਨ ਲਾਗੂ ਕਰਨ ਵਾਲੇ ਮਾਹਿਰ ਸ਼ਾਮਲ ਹੋਣਗੇ। ਇਸ ਟਾਸਕ ਫੋਰਸ ਵਿੱਚ ਨਿਆਂ ਮੰਤਰਾਲੇ, ਪਬਲਿਕ ਸੇਫਟੀ ਅਤੇ ਐਮਰਜੈਂਸੀ ਸਰਵਿਸਿਜ਼, ਸਰਵਿਸ ਅਲਬਰਟਾ ਅਤੇ ਰੈੱਡ ਟੇਪ ਘਟਾਉਣ, ਤਕਨਾਲੋਜੀ ਅਤੇ ਇਨੋਵੇਸ਼ਨ, ਅਤੇ ਅੰਤਰ-ਸਰਕਾਰੀ ਤੇ ਅੰਤਰਰਾਸ਼ਟਰੀ ਸੰਬੰਧਾਂ ਦੇ ਮੰਤਰਾਲਿਆਂ ਦੇ ਪ੍ਰਤੀਨਿਧੀ ਸ਼ਾਮਲ ਹੋਣਗੇ। ਮੈਂਬਰਾਂ ਦੀ ਵਿਸਥਾਰ ਤ ਸੂਚੀ alberta.ca ਦੀ ਸਾਈਬਰ ਅਪਰਾਧ ਟਾਸਕ ਫੋਰਸ ਵੈੱਬਸਾਈਟ -Cybercrime Task Force Webpage ‘ਤੇ ਉਪਲਬਧ ਹੈ।

ਟਾਸਕ ਫੋਰਸ ਉਹ ਤਰੀਕੇ ਵੀ ਖੋਜੇਗੀ ਜਿਨ੍ਹਾਂ ਰਾਹੀਂ ਜਨਤਾ ਨੂੰ ਉਹਨਾਂ ਠੱਗਾਂ ਤੋਂ ਬਚਾਇਆ ਜਾ ਸਕੇ ਜੋ ਭੇਸ ਬਦਲ ਕੇ, ਧਮਕੀਆਂ ਦੇ ਕੇ ਜਾਂ ਧੋਖੇ ਨਾਲ ਨਿੱਜੀ ਜਾਣਕਾਰੀ ਹਾਸਲ ਕਰਦੇ ਹਨ ਜਾਂ ਝੂਠੇ ਬਹਾਨਿਆਂ ਨਾਲ ਲੋਕਾਂ ਨੂੰ ਭੁਗਤਾਨ ਕਰਨ ਲਈ ਮਜਬੂਰ ਕਰਦੇ ਹਨ। ਸਿਫਾਰਸ਼ਾਂ ਕਾਨੂੰਨੀ ਅਤੇ ਨਿਯਮਕ ਵਿਕਲਪਾਂ ‘ਤੇ ਕੇਂਦਰਿਤ ਹੋਣਗੀਆਂ, ਨਾਲ ਹੀ ਫੈਡਰਲ ਸਰਕਾਰ ਦੇ ਸਹਿਯੋਗ ਨਾਲ ਉਪਭੋਗਤਾ ਸੁਰੱਖਿਆ ਅਤੇ ਜਨਤਕ ਸੁਰੱਖਿਆ ਨੂੰ ਮਜ਼ਬੂਤ ਕੀਤਾ ਜਾਵੇਗਾ।

ਮੁੱਖ ਤੱਥ
ਜੇ ਤੁਹਾਨੂੰ ਲੱਗਦਾ ਹੈ ਕਿ ਕੋਈ ਠੱਗ ਤੁਹਾਨੂੰ ਨਿਸ਼ਾਨਾ ਬਣਾ ਰਿਹਾ ਹੈ:

- ਆਪਣੇ ਵਿੱਤੀ ਸੰਸਥਾਨ ਅਤੇ ਕਰੈਡਿਟ ਬਿਊਰੋ ਨਾਲ ਸੰਪਰਕ ਕਰੋ।
- ਠੱਗੀ ਦੀ ਰਿਪੋਰਟ ਆਪਣੇ ਸਥਾਨਕ ਅਧਿਕਾਰੀਆਂ ਜਾਂ Canadian Anti-Fraud Centreਕੈਨੇਡੀਅਨ ਐਂਟੀ-ਫ੍ਰਾਡ ਸੈਂਟਰ ਨੂੰ ਕਰੋ।

ਸੰਬੰਧਿਤ ਜਾਣਕਾਰੀ

- Cybersecurity in Alberta
- Common text scams
- Canadian Anti-Fraud Centre